ਤੁਰੰਤ ਰਿਲੀਜ ਲਈ

# ਸਿਟੀ ਦਾ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ, 2020 ਲਈ ਆਭਾਸੀ ਤੌਰ ਤੇ ਹੋ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (27 ਜੁਲਾਈ, 2020) – ਸਿਟੀ ਆਫ ਬ੍ਰੈਂਪਟਨ ਦਾ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ (Nurturing Neighbourhoods Program), ਮੰਗਲਵਾਰ, 4 ਅਗਸਤ, 2020 ਨੂੰ ਵਾਪਸ ਆਵੇਗਾ। ਇਸ ਸਾਲ, ਸਟਾਫ਼ ਅਤੇ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਕਾਇਮ ਰੱਖਣ ਲਈ, ਪ੍ਰੋਗਰਾਮ ਔਨਲਾਈਨ ਕੀਤਾ ਜਾ ਰਿਹਾ ਹੈ।

ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਦਾ ਉਦੇਸ਼, ਨਾਗਰਿਕਾਂ ਦੀ ਸ਼ਮੂਲੀਅਤ ਨੂੰ ਬਿਹਤਰ ਬਣਾਉਣਾ, ਨਿਵਾਸੀਆਂ ਨੂੰ ਆਪਣੇ ਗਵਾਂਢ ਨੂੰ ਬਿਹਤਰ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਉਣ ਵਿੱਚ ਸਮਰੱਥ ਬਣਾਉਣਾ ਅਤੇ ਉਹਨਾਂ ਨੂੰ ਵਸੀਲਿਆਂ ਨਾਲ ਜੋੜਨਾ ਹੈ। ਨਿਵਾਸੀਆਂ ਵਾਸਤੇ ਆਪਣੇ ਗਵਾਂਢ ਬਾਰੇ ਹੋਰ ਜਾਣਨ ਅਤੇ ਉਹਨਾਂ ਲਈ ਕੀ ਮਹੱਤਵਪੂਰਣ ਹੈ, ਉਸਨੂੰ ਔਨਲਾਈਨ ਸਾਂਝਾ ਕਰਨ ਲਈ ਤਿੰਨ ਨਵੇਂ ਤਰੀਕੇ ਹੋਣਗੇ:

- **ਆਭਾਸੀ (ਵਰਚੁਅਲ) ਵਾੱਕਸ** – 15 ਪਹਿਲਾਂ ਤੋਂ ਰਿਕਾਰਡ ਕੀਤੀਆਂ ਵਾੱਕਸ (ਸੈਰਾਂ), ਨਿਯਤ ਤਾਰੀਖਾਂ ਨੂੰ ਸਿਟੀ ਦੀ ਵੈਬਸਾਈਟ ਤੇ ਪੋਸਟ ਕੀਤੀਆਂ ਜਾਣਗੀਆਂ। ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਹਨਾਂ ਵਾੱਕਸ ਵਿੱਚ ਆਭਾਸੀ ਤੌਰ ਤੇ ਹਿੱਸਾ ਲੈਣ ਜਾਂ ਸਰੀਰਕ ਦੂਰੀ ਕਾਇਮ ਰੱਖਦੇ ਹੋਏ, ਵਿਅਕਤੀਗਤ ਰੂਪ ਨਾਲ ਇਕੱਲੇ ਇਹਨਾਂ ਵਾੱਕਸ ਵਿੱਚ ਹਿੱਸਾ ਲੈਣ ਲਈ, ਪ੍ਰਦਾਨ ਕੀਤੇ ਗਏ ਟੂਲਸ ਦੀ ਵਰਤੋਂ ਕਰਨ।
- **ਨੇਬਰਹੁੱਡ ਸਰਵੇਖਣ** – ਸਿਟੀ, ਭਾਈਚਾਰੇ ਦੇ ਗਵਾਂਢਾਂ ਨੂੰ ਸਮਝਣਾ ਚਾਹੁੰਦੀ ਹੈ ਅਤੇ ਇਹ ਜਾਣਨਾ ਚਾਹੁੰਦੀ ਹੈ ਕਿ ਨਿਵਾਸੀ, ਉਹਨਾਂ ਅੰਦਰ ਕਿਵੇਂ ਆਪਸੀ ਵਿਹਾਰ ਕਰਦੇ ਹਨ। ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਖੇਤਰ ਲਈ ਔਨਲਾਈਨ ਸਰਵੇਖਣ ਵਿੱਚ ਹਿੱਸਾ ਲੈਣ।
- **ਔਨਲਾਈਨ ਮੈਪਿੰਗ ਟੂਲ** – ਇੱਕ ਔਨਲਾਈਨ ਮੈਪਿੰਗ ਟੂਲ, ਨਿਵਾਸੀਆਂ ਨੂੰ ਉਹਨਾਂ ਦੇ ਗਵਾਂਢ ਦੇ ਅੰਦਰ, ਮੌਕਿਆਂ, ਚਿੰਤਾਵਾਂ ਅਤੇ ਤਬਦੀਲੀਆਂ ਨੂੰ ਪਛਾਣਨ ਦੀ ਇਜਾਜ਼ਤ ਦੇਵੇਗਾ।

ਨਰਚਰਿੰਗ ਨੇਬਰਹੁੱਡਸ ਬਾਰੇ ਹੋਰ ਜਾਣਕਾਰੀ ਲਈ ਅਤੇ ਆਭਾਸੀ ਨੇਬਰਹੁੱਡ ਵਾੱਕਸ ਦੀ ਪੂਰੀ ਸੂਚੀ ਲਈ, www.brampton.ca/neighbourhoods ਤੇ ਜਾਓ।

**ਸੰਖੇਪ ਤੱਥ**

ਇੱਕ ਪੂਰਨ ਨੇਬਰਹੁੱਡ ਆਡਿਟ (Complete Neighbourhood Audit) ਕਰਨ ਦੀ ਜ਼ਰੂਰਤ ਨੂੰ ਬ੍ਰੈਂਪਟਨ 2040 ਵਿਜ਼ਨ (Brampton 2040 Vision) ਲਈ ਇੱਕ ਕਾਰਵਾਈ ਵਜੋਂ ਮੰਨਿਆ ਗਿਆ। ਨਰਚਰਿੰਗ ਨੇਬਰਹੁੱਡਸ ਦੀ ਸ਼ੁਰੂਆਤ, 2019 ਵਿੱਚ ਭਾਈਚਾਰੇ ਤੋਂ ਸੁਝਾਅ ਲੈਣ, ਨਿਵਾਸੀਆਂ ਨੂੰ ਵਸੀਲਿਆਂ ਨਾਲ ਜੋੜਨ ਅਤੇ ਲੰਮੀ ਮਿਆਦ ਵਿੱਚ, ਲੋਕਲ ਗਵਾਂਢਾਂ ਲਈ ਖਾਸ ਤੌਰ ਤੇ ਤਿਆਰ ਹੋਣ ਵਾਲੀ ਕਾਰਜ ਯੋਜਨਾ ਬਣਾਉਣ ਲਈ ਕੀਤੀ ਗਈ ਸੀ।

- ਸਿਟੀ ਨੇ 2019 ਵਿੱਚ, 11 ਨਰਚਰਿੰਗ ਨੇਬਰਹੁੱਡਸ ਵਾੱਕਸ ਪੂਰੀਆਂ ਕੀਤੀਆਂ ਸਨ, ਜਿਹਨਾਂ ਵਿੱਚ 400 ਤੋਂ ਵੱਧ ਨਿਵਾਸੀ ਸ਼ਾਮਲ ਹੋਏ ਸਨ।

**ਹਵਾਲੇ**

"ਬ੍ਰੈਂਪਟਨ ਇੱਕ ਮੋਜ਼ੈਕ ਹੈ ਅਤੇ ਸਾਡੇ ਨਿਵਾਸੀ ਮਾਹਰ ਹਨ, ਜਦੋਂ ਗਵਾਂਢਾਂ ਦੀ ਗੱਲ ਆਉਂਦੀ ਹੈ, ਜਿਸਨੂੰ ਉਹ ਘਰ ਆਖਦੇ ਹਨ। ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ, ਬ੍ਰੈਂਪਟਨ ਵਾਸੀਆਂ ਲਈ ਆਪਣੇ ਭਾਈਚਾਰੇ ਵਿੱਚ ਸ਼ਾਮਲ ਹੋਣ ਦੇ ਨਵੀਨਤਾਕਾਰੀ ਮੌਕੇ ਪ੍ਰਦਾਨ ਕਰਦਾ ਹੈ। ਮੈਂ, ਇਸ ਸਾਲ ਚੁਣੇ ਗਏ 15 ਖੇਤਰਾਂ

ਵਿੱਚ ਰਹਿਣ ਵਾਲੇ ਹਰ ਵਿਅਕਤੀ ਨੂੰ ਸਲਾਹ ਦਿੰਦਾ ਹਾਂ ਕਿ, ਆਭਾਸੀ ਵਾੱਕਸ ਵਿੱਚ ਅਤੇ ਨੇਬਰਹੁੱਡ ਸਰਵੇਖਣਾਂ ਵਿੱਚ ਹਿੱਸਾ ਲੈ ਕੇ ਅਤੇ ਔਨਲਾਈਨ ਮੈਪਿੰਗ ਟੂਲ ਤੇ ਟਿੱਪਣੀ ਕਰਕੇ, ਆਪਣੀ ਰਾਏ ਦਿਓ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਜਿਵੇਂ ਕਿ ਸਿਟੀ ਲਗਾਤਾਰ ਕੋਵਿਡ-19 ਮਹਾਂਮਾਰੀ ਤੋਂ ਬਹਾਲੀ ਵੱਲ ਵਧ ਰਹੀ ਹੈ ਅਤੇ ਜਿੱਥੇ ਸੰਭਵ ਹੈ, ਉੱਥੇ ਸਹੂਲਤਾਂ ਨੂੰ ਦੁਬਾਰਾ ਖ੍ਹੋਲ ਰਹੀ ਹੈ, ਇਸ ਵੇਲੇ ਭਾਈਚਾਰੇ ਦੀ ਸੁਰੱਖਿਆ ਸਭ ਤੋਂ ਵੱਧ ਮਹੱਤਵਪੂਰਣ ਹੈ। ਇਸ ਸਾਲ ਦਾ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ, ਨਿਵਾਸੀਆਂ ਲਈ 15 ਲੋਕਲ ਗਵਾਂਢਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਸਥਿਰ ਭਾਈਚਾਰੇ ਬਣਾਉਣਾ ਜਾਰੀ ਰੱਖਣ ਵਿੱਚ, ਸਿਟੀ ਦੀ ਮਦਦ ਦਾ ਇੱਕ ਸੁਰੱਖਿਅਤ ਤਰੀਕਾ ਪ੍ਰਦਾਨ ਕਰਦਾ ਹੈ।"

*- ਮਾਰਟਿਨ ਮੇਡੇਇਰੋਸ (Martin Medeiros), ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ ਕਮੇਟੀ, ਸਿਟੀ ਆਫ ਬ੍ਰੈਂਪਟਨ*

"ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ, ਨਿਵਾਸੀਆਂ ਨੂੰ ਇਹ ਸਾਂਝਾ ਕਰਨ ਦੀ ਇਜਾਜ਼ਤ ਦਿੰਦਾ ਹੈ ਕਿ ਉਹਨਾਂ ਨੂੰ ਆਪਣੇ ਭਾਈਚਾਰੇ ਬਾਰੇ ਕੀ ਪਸੰਦ ਹੈ। ਨਾਲ ਹੀ ਨਿਵਾਸੀ, ਆਉਣ ਵਾਲੇ ਪ੍ਰੋਜੈਕਟਾਂ ਬਾਰੇ ਜਾਣ ਸਕਦੇ ਹਨ ਅਤੇ ਇਸ ਬਾਰੇ ਵਿਚਾਰ ਪ੍ਰਗਟ ਕਰ ਸਕਦੇ ਹਨ ਕਿ ਉਹ ਲੋਕਲ ਤੌਰ ਤੇ, ਕਿਹੜੀਆਂ ਤਬਦੀਲੀਆਂ ਦੇਖਣਾ ਚਾਹੁੰਦੇ ਹਨ। ਹਾਲਾਂਕਿ ਇਸ ਸਾਲ ਪ੍ਰੋਗਰਾਮ ਥੋੜ੍ਹਾ ਵੱਖਰਾ ਹੋਵੇਗਾ, ਪਰ ਫਿਰ ਵੀ ਨਿਵਾਸੀ, ਆਪਣੇ ਘਰਾਂ ਤੋਂ ਹੀ ਪੂਰੀ ਸੁਰੱਖਿਆ ਦੇ ਨਾਲ, ਸ਼ਾਮਲ ਹੋ ਕੇ ਆਪਣੇ ਗਵਾਂਢ ਨੂੰ ਬਿਹਤਰ ਬਣਾ ਸਕਦੇ ਹਨ।"

*- ਪੈਟ ਫੋਰਟਿਨੀ (Pat Fortini), ਰੀਜਨਲ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਪਲਾਨਿੰਗ ਐਂਡ ਡੈਵਲੈਪਮੈਂਟ ਕਮੇਟੀ, ਸਿਟੀ ਆਫ ਬ੍ਰੈਂਪਟਨ*

"ਸਿਟੀ, ਕੋਵਿਡ-19 ਮਹਾਂਮਾਰੀ ਦੇ ਦੌਰਾਨ, ਬ੍ਰੈਂਪਟਨ ਦੇ ਨਿਵਾਸੀਆਂ ਨੂੰ ਸੇਵਾ ਦੇਣ ਲਈ ਵਚਨਬੱਧ ਹੈ। ਜਿਵੇਂ ਕਿ ਅਸੀਂ ਨਰਚਰਿੰਗ ਨੇਬਰਹੁੱਡਸ ਪ੍ਰੋਗਰਾਮ ਨੂੰ ਔਨਲਾਈਨ ਕਰ ਰਹੇ ਹਾਂ, ਅਸੀਂ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਦੇ ਹੋਏ, ਨਿਵਾਸੀਆਂ ਨੂੰ ਅਤੇ ਉਹਨਾਂ ਦੇ ਵਿਚਾਰਾਂ ਨੂੰ ਸ਼ਾਮਲ ਕਰਨਾ ਜਾਰੀ ਰੱਖਣ ਲਈ ਉਤਸ਼ਾਹਿਤ ਹਾਂ।"

*- ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca